# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ

# ਪ੍ਰੈਸ ਨੋਟ

## ਨਗਰ ਨਿਗਮ ਵਿਚ ਬਿੱਲਾਂ ਦੀ ਅਦਾਇਗੀ ਦੀ ਸਵਾਈਪ ਮਸ਼ੀਨ ਰਾਹੀ ਸ਼ੁਰੂਆਤ .........ਮੇਅਰ ਸ਼ਿਵ ਸੂਦ

ਹੁਸ਼ਿਆਰਪੁਰ 31 ਦਸਬੰਰ ਨਗਰ ਨਿਗਮ ਵਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਪ੍ਰਾਪਰਟੀ ਟੈਕਸ, ਪਾਣੀ, ਸੀਵਰੇਜ਼ ਆਦਿ ਦੇ ਬਿੱਲਾਂ ਦੀ ਅਦਾਇਗੀ ਸਵਾਈਪ ਮਸ਼ੀਨ ਨਾਲ ਕਰਨ ਦੀ ਸਹੂਲਤ ਉਪਲੱਬਧ ਕਰਵਾਈ ਗਈ ਹੈ। ਇਹ ਜਾਣਕਾਰੀ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਐਚ.ਡੀ.ਐਫ.ਸੀ ਬੈਂਕ ਵਲੋਂ ਉਪਲੱਬਧ ਕਰਵਾਈ ਗਈ ਸਵਾਈਪ ਮਸ਼ੀਨ ਨੂੰ ਸ਼ੁਰੂ ਕਰਨ ਮੌਕੇ ਦਿੱਤੀ। ਉਹਨਾਂ ਦੱਸਿਆ ਕਿ ਬੈਂਕਾਂ ਵਿਚ ਨਗਦੀ ਦੀ ਅਦਾਇਗੀ ਘੱਟ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਨਗਰ ਨਿਗਮ ਵਿਚ ਬਿੱਲਾਂ ਦੇ ਭੁਗਤਾਨ ਲਈ ਸਵਾਈਪ ਮਸ਼ੀਨ ਲਗਾ ਦਿੱਤੀ ਗਈ ਹੈ ਅਤੇ ਨਗਰ ਨਿਗਮ ਦੇ ਸਾਰੇ ਬਿੱਲਾਂ ਦੇ ਭੁਗਤਾਨ ਕਰੈਡਿਟ ਜਾਂ ਡੈਬਿਟ ਕਾਰਡ ਰਾਹੀਂ ਕੀਤੇ ਜਾ ਸਕਣਗੇ। ਇਸ ਮੌਕੇ ਤੇ ਐਚ.ਡੀ.ਐਫ.ਸੀ ਬੈਂਕ ਦੇ ਬ੍ਰਾਂਚ ਮੈਨੇਜਰ ਸੰਜੀਵ ਜਿੰਦਲ ਨੇ ਦੱਸਿਆ ਕਿ ਐਚ.ਡੀ.ਐਫ.ਸੀ ਬੈਂਕ ਵਲੋਂ ਨਗਰ ਨਿਗਮ ਦੀਆਂ ਅਦਾਇਗੀਆਂ ਆਨਲਾਈਨ ਕਰਨ ਦੀ ਵੀ ਸੁਵਿਧਾ ਉਪਲੱਬਧ ਕਰਵਾਈ ਗਈ ਹੈ।

ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ, ਸੁਪਰਡੈਂਟ ਸੁਆਮੀ ਸਿੰਘ, ਲੇਖਾਕਾਰ ਰਾਜਨ ਕੁਮਾਰ, ਇੰਸਪੈਕਟਰ ਵਿਜੇ ਕੁਮਾਰ, ਮੁਕਲ ਕੇਸਰ, ਰਾਹੁਲ ਸ਼ਰਮਾ, ਰਜਿੰਦਰ ਪ੍ਰਸ਼ਾਦ, ਕੌਂਸਲਰ ਮੀਨੂ ਸੇਠੀ, ਅਵਤਾਰ ਸਿੰਘ ਕਪੂਰ, ਅਸ਼ੋਕ ਕੁਮਾਰ, ਮਨਜੀਤ ਸਿੰਘ ਰਾਏ, ਨਰਿੰਦਰ ਸਿੰਘ, ਹਰਜੀਤ ਸਿੰਘ ਗਿੱਲ, ਬ੍ਰਹਮਸ਼ੰਕਰ ਜਿੰਪਾ, ਐਚ.ਡੀ.ਐਫ.ਸੀ ਬੈਂਕ ਦੇ ਸੇਲਸ ਮੈਨੇਜਰ ਅਮਿਤ ਕੁਮਾਰ, ਕਲਸਟਰ ਹੈਡ ਵਿਨੋਦ ਸ਼ਰਮਾ ਵੀ ਹਾਜਰ ਸਨ।